

# ਜਿਸ ਦਿਨ ਮੈਂ ਸ਼ਹਿਰ ਲਈ ਘਰ ਛੱਡਿਆ


Lesley Koyi, Ursula Nafula
Brian Wambi
Anu Gill

Punjabi
Level 3




ਮੇਰੇ ਪਿੰਡ ਦਾ ਛੋਟਾ ਬੱਸ ਸਟਾਪ ਲੋਕਾਂ ਅਤੇ ਓਵਰਲੋਡ ਬੱਸਾਂ ਨਾਲ ਰੁੱਝਿਆ ਹੋਇਆ ਸੀ। ਜ਼ਮੀਨ ਤੇ ਹੋਰ ਵੀ ਚੀਜ਼ਾਂ ਲੋਡ ਕਰਨ ਵਾਲੀਆਂ ਪਈਆਂ ਸਨ। ਟਾਊਟ ਰੌਲਾ ਪਾ ਕੇ ਬੱਸਾਂ ਕਿੱਥੇ ਜਾ ਰਹੀਆਂ ਹਨ ਦੱਸ ਰਹੇ ਸਨ।




“ਸ਼ਹਿਰ! ਸ਼ਹਿਰ! ਪੱਛਮ ਵੱਲ!” ਮੈਂ ਇੱਕ ਟਾਊਟ ਰੋਲਾ ਪਾਉਂਦਾ ਸੁਣਿਆ। ਮੈਨੂੰ ਉਹ ਬੱਸ ਫੜਨ ਦੀ ਲੋੜ ਸੀ।




ਸ਼ਹਿਰ ਵੱਲ ਦੀ ਬੱਸ ਲਗਭਗ ਭਰੀ ਹੋਈ ਸੀ, ਪਰ ਹੋਰ ਲੋਕ ਅਜੇ ਵੀ ਚੜ੍ਹਣ ਲਈ ਧੱਕੇ ਦੇ ਰਹੇ ਸਨ। ਕੁਝ ਲੋਕਾਂ ਨੇ ਬੱਸ ਦੇ ਥੱਲੇ ਆਪਣਾ ਸਾਮਾਨ ਰੱਖਿਆ ਅਤੇ ਹੋਰਾਂ ਨੇ ਅੰਦਰ ਸ਼ੈਲਫਾਂ ਤੇ ਸਮਾਨ ਟਕਾਇਆ।



ਨਵੇਂ ਯਾਤਰੀ ਹੱਥਾਂ ਵਿੱਚ ਟਿਕਟਾਂ ਫ਼ੜੀ, ਭੀੜੀ ਬੱਸ ਵਿਚ ਬੈਠਣ ਲਈ ਜਗ੍ਹਾ ਲੱਭ ਰਹੇ ਸਨ। ਮਹਿਲਾਵਾਂ ਆਪਣੇ ਨੌਜਵਾਨ ਬੱਚਿਆਂ ਨੂੰ ਲੰਬੇ ਸਫ਼ਰ ਲਈ ਸੁਖਮਈ ਬਣਾ ਰਹੀਆਂ ਸਨ।



ਮੈਂ ਇੱਕ ਖਿੜਕੀ ਨਾਲ ਕੁਚਲ ਕੇ ਬੈਠ ਗਿਆ। ਮੇਰੇ ਨਾਲ ਇੱਕ ਵਿਅਕਤੀ ਹਰੇ ਪਲਾਸਟਿਕ ਬੈਗ ਨੂੰ ਘੁੱਟ ਕੇ ਫੜੀ ਬੈਠਾ ਸੀ। ਉਸ ਨੇ ਪੁਰਾਣੀ ਜੁੱਤੀ ਅਤੇ ਘਸਿਆ ਕੋਟ ਪਾਇਆ ਹੋਇਆ ਸੀ ਅਤੇ ਉਹ ਘਬਰਾਇਆ ਹੋਇਆ ਦਿੱਖ ਰਿਹਾ ਸੀ।



ਮੈਂ ਬੱਸ ਤੋਂ ਬਾਹਰ ਵੇਖ ਕੇ ਸੋਚਿਆ ਕਿ ਮੈਂ ਆਪਣਾ ਪਿੰਡ ਛੱਡ ਕੇ ਚਲਿਆ ਸੀ, ਜਿੱਥੇ ਮੈਂ ਵੱਡਾ ਹੋਇਆ ਸੀ। ਮੈਂ ਵੱਡੇ ਸ਼ਹਿਰ ਨੂੰ ਜਾ ਰਿਹਾ ਸੀ।



ਲੋਡਿੰਗ ਪੂਰੀ ਹੋ ਗਈ ਸੀ ਅਤੇ ਸਾਰੇ ਯਾਤਰੀ ਬੈਠ ਗਏ ਸਨ। ਵਪਾਰੀ ਹਾਲੇ ਵੀ ਯਾਤਰੀਆਂ ਨੂੰ ਆਪਣਾ ਮਾਲ ਵੇਚਣ ਲਈ ਅੰਦਰ ਘੁਸ ਰਹੇ ਸਨ। ਹਰ ਇੱਕ ਵਪਾਰੀ ਉਪਲਬਧ ਸਮਾਨ ਦਾ ਨਾਮ ਲੈ ਕੇ ਹੋਕਾ ਦੇ ਰਿਹਾ ਸੀ। ਮੈਨੂੰ ਉਹਨਾਂ ਦੇ ਸ਼ਬਦ ਹਸਾਉਣ ਵਾਲੇ ਲਗੇ।




ਕੁਝ ਯਾਤਰੀਆਂ ਨੇ ਪੀਣ ਨੂੰ ਖਰੀਦਿਆ, ਹੋਰਾਂ ਨੇ ਛੋਟੇ ਸਨੈਕਸ ਖਰੀਦੇ ਅਤੇ ਚੱਬਣ ਲਗ ਪਏ। ਮੇਰੇ ਵਰਗੇ, ਜਿੰਨ੍ਹਾਂ ਕੋਲ ਪੈਸੇ ਨਹੀਂ ਸਨ ਦੇਖਦੇ ਹੀ ਰਹੇ।



ਇਹ ਸਾਰੇ ਕੰਮ ਬੱਸ ਦੀ ਹੂਟ ਨਾਲ ਰੁੱਕ ਗਏ ਜਿਸ ਦਾ ਮਤਲਬ ਸੀ ਕਿ ਬੱਸ ਚਲਣ ਵਾਲੀ ਹੈ। ਟਾਊਟਾਂ ਨੇ ਵਪਾਰੀਆਂ ਨੂੰ ਬਾਹਰ ਜਾਣ ਲਈ ਅਵਾਜ਼ ਦਿੱਤੀ।



ਵਪਾਰੀ ਬੱਸ ਦੇ ਬਾਹਰ ਜਾਣ ਲਈ ਇੱਕ-ਦੂਜੇ ਨੂੰ ਧੱਕੇ ਦੇ ਰਹੇ ਸੀ। ਕੁਝ ਯਾਤਰੀਆਂ ਨੂੰ ਭਾਨ ਵਾਪਸ ਦੇ ਰਹੇ ਸਨ। ਹੋਰ ਆਖਰੀ ਮਿੰਟ ਵਿੱਚ ਹੋਰ ਸਮਾਨ ਵੇਚਣ ਦੀ ਕੋਸ਼ਿਸ਼ ਕਰ ਰਹੇ ਸਨ।



ਜਿਉਂ ਹੀ ਸਟਾਪ ਤੋਂ ਬੱਸ ਤੁਰੀ, ਮੈਂ ਖਿੜਕੀ ਦੇ ਬਾਹਰ ਤਾੜ ਰਿਹਾ ਸੀ। ਮੈਂ ਸੋਚਿਆ ਜੇ ਮੈਂ ਕਦੇ ਮੁੜ ਕੇ ਵਾਪਸ ਮੇਰੇ ਪਿੰਡ ਵੱਲ ਆਵਾਂਗਾ।



ਸਫ਼ਰ ਦੇ ਵਾਧੇ ਨਾਲ, ਬੱਸ ਦੇ ਅੰਦਰ ਬਹੁਤ ਗਰਮੀ ਹੋ ਗਈ ਸੀ। ਸੌਣ ਦੀ ਉਮੀਦ ਵਿੱਚ, ਮੈਂ ਆਪਣੀਆਂ ਅੱਖਾਂ ਨੂੰ ਬੰਦ ਕੀਤਾ।



ਪਰ ਮੇਰਾ ਮਨ ਵਾਪਸ ਘਰ ਵੱਲ ਗਿਆ। ਕੀ ਮੇਰੀ ਮਾਂ ਸੁਰੱਖਿਅਤ ਰਹੇਗੀ? ਕੀ ਮੇਰੇ ਖਰਗੋਸ਼ ਕੋਈ ਪੈਸਾ ਪ੍ਰਾਪਤ ਕਰਨਗੇ? ਕੀ ਮੇਰਾ ਭਰਾ ਮੇਰੇ ਰੁੱਖਾਂ ਦੇ ਬੂਟਿਆਂ ਨੂੰ ਪਾਣੀ ਦੇਣਾ ਯਾਦ ਰੱਖੇਗਾ?



ਰਸਤੇ ਵਿੱਚ, ਮੈਂ ਉਸ ਜਗ੍ਹਾ ਦਾ ਨਾਮ ਯਾਦ ਕਰ ਰਿਹਾ ਸੀ ਜਿੱਥੇ ਮੇਰੇ ਚਾਚਾ ਜੀ ਵੱਡੇ ਸ਼ਹਿਰ ਵਿਚ ਰਹਿੰਦੇ ਸਨ। ਮੈਂ ਅਜੇ ਵੀ ਬੁੜ-ਬੜ੍ਹਾ ਰਿਹਾ ਸੀ ਜਦ ਮੈਨੂੰ ਨੀਂਦ ਆ ਗਈ।



ਨੌਂ ਘੰਟੇ ਬਾਅਦ, ਉੱਚੇ ਖੜਕੇ ਅਤੇ ਪਿੰਡ ਨੂੰ ਵਾਪਸ ਜਾ ਰਹੇ ਯਾਤਰੀਆਂ ਲਈ ਹਾਕਾਂ ਨਾਲ ਮੇਰੀ ਅੱਖ ਖੁਲ ਗਈ। ਮੈਂ ਆਪਣੇ ਛੋਟੇ ਬੈਗ ਨੂੰ ਫੜ੍ਹਿਆ ਅਤੇ ਬੱਸ ਦੇ ਬਾਹਰ ਛਾਲ ਮਾਰੀ।



ਵਾਪਸੀ ਵਾਲੀ ਬੱਸ ਜਲਦੀ ਭਰ ਗਈ। ਜਲਦੀ ਇਹ ਬੱਸ ਵਾਪਸ ਪੂਰਬ ਵੱਲ ਜਾਵੇਗੀ। ਹੁਣ ਮੇਰੇ ਲਈ ਸਭ ਤੋਂ ਮਹੱਤਵਪੂਰਨ ਗੱਲ ਮੇਰੇ ਚਾਚੇ ਦੇ ਘਰ ਦੀ ਤਲਾਸ਼ ਸ਼ੁਰੂ ਕਰਨ ਵਾਲੀ ਸੀ।

# Storybooks Canada

storybookscanada.ca

## ਜਿਸ ਦਿਨ ਮੈਂ ਸ਼ਹਿਰ ਲਈ ਘਰ ਛੱਡਿਆ

Written by: Lesley Koyi, Ursula Nafula
Illustrated by: Brian Wambi
Translated by: Anu Gill

This story originates from the African Storybook (africanstorybook.org) and is brought to you by Storybooks Canada in an effort to provide children's stories in Canada's many languages.

This work is licensed under a Creative Commons Attribution 4.0 International License.